# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਖੁਰਾਕ ਅਤੇ ਵਾਤਾਵਰਣਕ ਸਫਾਈ ਵਿਭਾਗ

ਖੁਰਾਕ ਅਤੇ ਵਾਤਾਵਰਣਕ ਸਫਾਈ ਵਿਭਾਗ (Food and Environmental Hygiene Department - FEHD) ਇਹ ਪੱਕਾ ਕਰਨ ਕਿ ਹਾਂਗ ਕਾਂਗ ਵਿੱਚ ਵੇਚਿਆ ਜਾਣ ਵਾਲਾ ਭੋਜਨ ਪਦਾਰਥ ਸੁਰੱਖਿਅਤ ਅਤੇ ਖਪਤ ਲਈ ਸਹੀ ਹੋਵੇ, ਅਤੇ ਹਾਂਗ ਕਾਂਗ ਦੇ ਲੋਕਾਂ ਲਈ ਇੱਕ ਸਾਫ਼ ਅਤੇ ਸਵੱਛ ਰਹਿਣ ਯੋਗ ਵਾਤਾਵਰਣ ਬਣਾਈ ਰੱਖਣ ਲਈ ਵਚਨਬੱਧ ਹੈ। FEHD ਜਨਤਾ ਦੇ ਸਾਰੇ ਮੈਂਬਰਾਂ ਦੁਆਰਾ, ਭਾਵੇਂ ਉਹਨਾਂ ਦਾ ਨਸਲੀ ਪਿਛੋਕੜ ਕੋਈ ਵੀ ਹੋਵੇ, ਸਾਡੀਆਂ ਸੇਵਾਵਾਂ ਤਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਬਹੁਤ ਮਹੱਤਵ ਦਿੰਦਾ ਹੈ।

| | |
|---|---|
| ਸੰਬੰਧਿਤ ਸੇਵਾਵਾਂ | ● FEHD ਬਹੁਤ ਸਾਰੀਆਂ ਸੇਵਾਵਾਂ ਮੁਹੱਈਆ ਕਰਦਾ ਹੈ, ਜਿਵੇਂ ਕਿ ਖੁਰਾਕ ਸੁਰੱਖਿਆ ਨਿਯੰਤਰਣ; ਜੀਵਤ ਖੁਰਾਕ ਵਾਲੇ ਪਸ਼ੂਆਂ ਉੱਤੇ ਆਯਾਤ ਨਿਯੰਤਰਣ; ਭੋਜਨ ਪਦਾਰਥਾਂ ਸੰਬੰਧੀ ਘਟਨਾਵਾਂ ਦਾ ਪ੍ਰਬੰਧਨ; ਵਾਤਾਵਰਣਕ ਸਫਾਈ ਸੇਵਾਵਾਂ ਅਤੇ ਸਹੂਲਤਾਂ ਦੀ ਵਿਵਸਥਾ; ਏਵੀਅਨ ਫਲੂ, ਡੇਂਗੂ ਬੁਖਾਰ ਅਤੇ ਜਾਪਾਨੀ ਏਨਸੇਫਲਾਈਟਿਸ ਦਾ ਮੁਕਾਬਲਾ ਕਰਨਾ; ਅਤੇ ਖੁਰਾਕ ਸੁਰੱਖਿਆ ਅਤੇ ਵਾਤਾਵਰਣਕ ਸਫਾਈ ਬਾਰੇ ਜਨਤਕ ਸਿੱਖਿਆ ਨੂੰ ਉਤਸ਼ਾਹਿਤ ਕਰਨਾ। |
| ਮੌਜੂਦਾ ਉਪਾਅ | ● FEHD ਦੀਆਂ ਸੇਵਾਵਾਂ ਬਾਰੇ ਜਾਣਕਾਰੀ FEHD ਅਤੇ ਖੁਰਾਕ ਸੁਰੱਖਿਆ ਲਈ ਕੇਂਦਰ (Centre for Food Safety - CFS) ਦੀਆਂ ਵੈਬਸਾਈਟਾਂ 'ਤੇ ਹਾਂਗ ਕਾਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਅਰਥਾਤ ਚੀਨੀ ਅਤੇ ਅੰਗਰੇਜ਼ੀ) ਵਿੱਚ ਉਪਲਬਧ ਹੈ। ਇਸ ਤੋਂ ਇਲਾਵਾ, ਜਾਣਕਾਰੀ ਭਰਪੂਰ ਅਤੇ ਵਿਦਿਅਕ ਪਰਚੇ / ਕਿਤਾਬਚੇ ਆਮ ਲੋਕਾਂ ਨੂੰ ਵੰਡਣ ਲਈ ਦੋਵਾਂ ਸਰਕਾਰੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ। |
| | ● FEHD ਨੇ ਵਾਤਾਵਰਣ ਸਵੱਛਤਾ ਸੇਵਾਵਾਂ ਦੇ ਨਾਲ-ਨਾਲ ਭੋਜਨ ਸੁਰੱਖਿਆ ਸਲਾਹ ਅਤੇ ਦਿਸ਼ਾ-ਨਿਰਦੇਸ਼ਾਂ 'ਤੇ ਕਈ ਪੈਂਫਲੇਟ/ਵਿਦਿਅਕ ਸਮੱਗਰੀ ਦਾ ਅਨੁਵਾਦ ਬਹਾਸਾ ਇੰਡੋਨੇਸ਼ੀਆ, ਹਿੰਦੀ, ਜਾਪਾਨੀ, ਕੋਰੀਅਨ, ਨੇਪਾਲੀ, ਤਾਗਾਲੋਗ, ਥਾਈ ਅਤੇ ਉਰਦੂ ਸਮੇਤ ਹੋਰ ਭਾਸ਼ਾਵਾਂ ਵਿੱਚ ਕੀਤਾ ਹੈ। ਪੈਂਫਲੈਟ/ਵਿਦਿਅਕ ਸਮੱਗਰੀ ਨੂੰ ਆਸਾਨ ਪਹੁੰਚ ਅਤੇ ਸੰਦਰਭ ਦੀ ਸਹੂਲਤ ਲਈ FEHD ਅਤੇ CFS ਦੀਆਂ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅੱਪਲੋਡ ਕੀਤਾ ਗਿਆ ਹੈ। |

| | |
|---|---|
| | ● ਜਿੱਥੇ ਜ਼ਰੂਰੀ ਅਤੇ ਸੇਵਾ ਵਰਤਣ ਵਾਲਿਆਂ ਲਈ ਢੁਕਵਾਂ ਹੋਵੇਗਾ, ਨਸਲੀ ਘੱਟ-ਗਿਣਤੀ ਵਸਨੀਕਾਂ ਦੀ ਏਕਤਾ ਅਤੇ ਸੁਧਾਰ ਲਈ ਕੇਂਦਰ (CHEER) ਦੇ ਰਾਹੀਂ ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਏਗਾ, ਜਿਸ ਨੂੰ ਹਾਂਗ-ਕਾਂਗ ਕ੍ਰਿਸ਼ਚਨ ਸਰਵਿਸ ਦੁਆਰਾ ਚਲਾਇਆ ਜਾਂਦਾ ਹੈ ਅਤੇ ਗ੍ਰਹਿ ਮਾਮਲਿਆਂ ਦੇ ਵਿਭਾਗ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। CHEER ਅੱਠ ਭਾਸ਼ਾਵਾਂ - ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਤਾਗਾਲੋਗ, ਥਾਈ, ਉਰਦੂ, ਵੀਅਤਨਾਮੀ ਅਤੇ ਪੰਜਾਬੀ ਵਿੱਚ ਦੁਭਾਸ਼ੀਆ ਸੇਵਾਵਾਂ ਮੁਹੱਈਆ ਕਰਦਾ ਹੈ। ਗ੍ਰਿਫਤਾਰ ਕੀਤੇ ਗਏ ਅਤੇ/ਜਾਂ ਤਫਤੀਸ਼ ਅਧੀਨ ਵਿਅਕਤੀਆਂ ਲਈ, ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਏਗਾ ਜਿੱਥੇ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੋਵੇਗਾ ਕਿ ਉਹ ਉਲੰਘਣਾ ਕੀਤੇ ਗਏ ਸੰਬੰਧਤ ਕਾਨੂੰਨਾਂ ਅਤੇ ਆਪਣੇ ਅਧਿਕਾਰਾਂ ਨੂੰ ਸਮਝ ਸਕਣ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ● FEHD ਨਿਯਮਿਤ ਤੌਰ 'ਤੇ ਸਾਡੀਆਂ ਸੇਵਾਵਾਂ ਦਾ ਮੁਲਾਂਕਣ ਅਤੇ ਸਮੀਖਿਆ ਕਰਦਾ ਹੈ। ਸੇਵਾਵਾਂ ਦੇ ਨਿਰੰਤਰ ਸੁਧਾਰ ਲਈ ਵੱਖ-ਵੱਖ ਨਸਲਾਂ ਦੇ ਸੇਵਾ ਵਰਤਣ ਵਾਲਿਆਂ ਦੀ ਫੀਡਬੈਕ / ਸੁਝਾਵਾਂ 'ਤੇ ਵਿਚਾਰ ਕੀਤਾ ਜਾਵੇਗਾ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | ● ਸਟਾਫ਼ ਲਈ ਨਸਲੀ ਬਰਾਬਰੀ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਕੋਰਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। |
| | ● FEHD ਜਿਵੇਂ ਢੁਕਵਾਂ ਹੋਵੇਗਾ, ਹੋਰ ਸੇਵਾਵਾਂ ਦੇ ਕਿਤਾਬਚਿਆਂ / ਪਰਚਿਆਂ ਦਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ ਅਤੇ ਉਹਨਾਂ ਨੂੰ FEHD ਅਤੇ CFS ਦੀਆਂ ਵੈੱਬਸਾਈਟਾਂ 'ਤੇ ਅੱਪਲੋਡ ਕਰਨਾ ਜਾਰੀ ਰੱਖੇਗਾ। |

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਐਕਜ਼ੀਕਿਊਟਿਵ ਆਫਿਸਰ (ਜਨਰਲ) 3, Mr Desmond KWOK ਨਾਲ ਸੰਪਰਕ ਕਰੋ:


| | | |
|---|---|---|
| ਟੈਲੀਫੋਨ | : | 2867 5592 |
| ਫੈਕਸ | : | 2869 0169 |
| ਈਮੇਲ | : | dtwkwok@fehd.gov.hk |
| ਡਾਕ ਪਤਾ | : | Food and Environmental Hygiene Department<br>44/F., Queensway Government Offices<br>66 Queensway<br>Hong Kong |


**ਖੁਰਾਕ ਅਤੇ ਵਾਤਾਵਰਣਕ ਸਫਾਈ ਵਿਭਾਗ**
**ਮਈ 2023**